ਮਿੱਠੇ ਬੱਚੇ:- ਤੁਹਾਡਾ ਇਹ ਟਾਈਮ ਬਹੁਤ - ਬਹੁਤ ਵੇਲਯੂਏਬਲ ਹੈ , ਇਸਲਈ ਇਸਨੂੰ ਵਿਅਰਥ ਨਾ ਗਵਾਓ , ਪਾਤਰ ਨੂੰ ਵੇਖਕੇ ਗਿਆਨ ਦਾਨ ਕਰੋ "

ਪ੍ਰਸ਼ਨ:- ਗੁਣਾਂ ਦੀ ਧਾਰਨਾ ਵੀ ਹੁੰਦੀ ਜਾਵੇ ਅਤੇ ਚਲਣ ਵੀ ਸੁਧਰਧਾ ਰਹੇ ਉਸਦੀ ਸਹਿਜ ਵਿਧੀ ਕੀ ਹੀ?

ਉੱਤਰ:- ਜੋ ਬਾਬਾ ਨੇ ਸਮਝਾਇਆ ਹੈ - ਉਹ ਦੂਸਰਿਆਂ ਨੂੰ ਸਮਝਾਵੋ। ਗਿਆਨ ਧਨ ਦਾ ਦਾਨ ਕਰੋ ਤਾਂ ਗੁਣਾਂ ਦੀ ਧਾਰਨਾ ਵੀ ਸਹਿਜ ਹੁੰਦੀ ਜਾਵੇਗੀ, ਚਲਣ ਵੀ ਸੁਧਰਦੀ ਰਹੇਗੀ। ਜਿਨ੍ਹਾਂ ਦੀ ਬੁੱਧੀ ਵਿੱਚ ਇਹ ਨਾਲੇਜ ਰਹਿੰਦੀ ਹੈ, ਗਿਆਨ ਧਨ ਦਾ ਦਾਨ ਨਹੀ ਕਰਦੇ, ਉਹ ਹਨ ਮਨਹੂਸ। ਉਹ ਮੁਫ਼ਤ ਆਪਣੇ ਨੂੰ ਘਾਟਾ ਪਾਉਂਦੇ ਹਨ।

ਗੀਤ:- ਬਚਪਨ ਦੇ ਦਿਨ ਭੁਲਾ ਨਾ ਦੇਣਾ…

ਓਮ ਸ਼ਾਂਤੀ। ਮਿੱਠੇ - ਮਿੱਠੇ ਬੱਚਿਆਂ ਨੇ ਗੀਤ ਸੁਣਿਆ, ਅਰੱਥ ਤੇ ਚੰਗੀ ਤਰ੍ਹਾਂ ਸਮਝਿਆ। ਅਸੀਂ ਆਤਮਾ ਹਾਂ ਅਤੇ ਬੇਹੱਦ ਬਾਪ ਦੇ ਬੱਚੇ ਹਾਂ। ਇਹ ਭੁੱਲਾ ਨਹੀਂ ਦੇਵੋ। ਹੁਣੇ - ਹੁਣੇ ਬਾਪ ਦੀਆਂ ਯਾਦਾਂ ਵਿੱਚ ਹਰਸ਼ਿਤ ਹੁੰਦੇ ਹਨ, ਹੁਣੇ - ਹੁਣੇ ਫਿਰ ਯਾਦ ਭੁੱਲ ਜਾਣ ਨਾਲ ਗੰਮ ਵਿੱਚ ਪੈ ਜਾਂਦੇ ਹਨ। ਹੁਣੇ - ਹੁਣੇ ਜਿਉਂਦੇ ਹੋ, ਹੁਣੇ - ਹੁਣੇ ਮਰ ਪੈਂਦੇ ਹਨ ਮਤਲਬ ਹੁਣੇ - ਹੁਣੇ ਬੇਹੱਦ ਦੇ ਬਾਪ ਦੇ ਬਣਦੇ ਹੋ, ਹੁਣੇ -ਹੁਣੇ ਫਿਰ ਜਿਸਮਾਨੀ ਪਰਿਵਾਰ ਵੱਲ ਚਲੇ ਜਾਂਦੇ ਹੋ। ਤਾਂ ਬਾਪ ਕਹਿੰਦੇ ਹਨ ਅੱਜ ਹੱਸੇ ਕਲ ਰੋ ਨਾ ਦੇਣਾ। ਇਹ ਹੋਇਆ ਗੀਤ ਦਾ ਅਰਥ।

ਤੁਸੀਂ ਬੱਚੇ ਜਾਣਦੇ ਹੋ - ਬਹੁਤ ਕਰਕੇ ਮਨੁੱਖ ਸ਼ਾਂਤੀ ਦੇ ਲਈ ਹੀ ਧੱਕੇ ਖਾਂਦੇ ਹਨ। ਤੀਰਥ ਯਾਤ੍ਰਾ ਤੇ ਜਾਂਦੇ ਹਨ। ਇਵੇਂ ਨਹੀਂ ਕਿ ਧੱਕਾ ਖਾਣ ਨਾਲ ਸ਼ਾਂਤੀ ਮਿਲਦੀ ਹੈ। ਇਹ ਇੱਕ ਸੰਗਮਯੁਗ ਹੈ ਜਦੋਂ ਬਾਪ ਆਕੇ ਸਮਝਾਉਂਦੇ ਹਨ। ਪਹਿਲਾਂ - ਪਹਿਲਾਂ ਤਾਂ ਆਪਣੇ ਆਪ ਨੂੰ ਪਹਿਚਾਣੋ। ਆਤਮਾ ਹੈ ਹੀ ਸ਼ਾਂਤੀ ਸਵਰੂਪ। ਰਹਿਣ ਦੀ ਜਗ੍ਹਾ ਵੀ ਸ਼ਾਂਤੀਧਾਮ ਹੈ। ਇੱਥੇ ਆਉਂਦੀ ਹੈ ਤਾਂ ਕਰਮ ਜਰੂਰ ਕਰਨਾ ਪੈਂਦਾ ਹੈ। ਜਦੋਂ ਆਪਣੇ ਸ਼ਾਂਤੀਧਾਮ ਵਿੱਚ ਹਨ ਤਾਂ ਸ਼ਾਂਤ ਹਨ। ਸਤਿਯੁਗ ਵਿੱਚ ਵੀ ਸ਼ਾਂਤੀ ਰਹਿੰਦੀ ਹੈ। ਸੁਖ ਵੀ ਹੈ, ਸ਼ਾਂਤੀ ਵੀ ਹੈ। ਸ਼ਾਂਤੀਧਾਮ ਨੂੰ ਸੁਖਧਾਮ ਨਹੀਂ ਕਹਾਂਗੇ। ਜਿੱਥੇ ਸੁਖ ਹੈ ਉਸਨੂੰ ਸੁਖਧਾਮ, ਜਿੱਥੇ ਦੁਖ ਹੈ ਉਸਨੂੰ ਦੁਖਧਾਮ ਕਹਾਂਗੇ। ਇਹ ਸਭ ਗੱਲਾਂ ਤੁਸੀਂ ਸਮਝ ਰਹੇ ਹੋ। ਇਹ ਸਭ ਸਮਝਾਉਣ ਦੇ ਲਈ ਕਿਸੇ ਨੂੰ ਸਨਮੁੱਖ ਹੀ ਸਮਝਾਇਆ ਜਾਂਦਾ ਹੈ। ਪ੍ਰਦਰਸ਼ਨੀ ਵਿੱਚ ਜਦੋਂ ਅੰਦਰ ਵੜਦੇ ਹਨ ਤਾਂ ਪਹਿਲੋਂ - ਪਹਿਲੋਂ ਬਾਪ ਦਾ ਹੀ ਪਰਿਚੈ ਦੇਣਾ ਚਾਹੀਦਾ ਹੈ। ਸਮਝਾਇਆ ਜਾਂਦਾ ਹੈ ਆਤਮਾਵਾਂ ਦਾ ਬਾਪ ਇੱਕ ਹੀ ਹੈ। ਉਹ ਹੀ ਗੀਤਾ ਦਾ ਭਗਵਾਨ ਹੈ। ਬਾਕੀ ਇਹ ਸਭ ਆਤਮਾਵਾਂ ਹਨ। ਆਤਮਾ ਸ਼ਰੀਰ ਛੱਡਦੀ ਅਤੇ ਲੈਂਦੀ ਹੈ। ਸ਼ਰੀਰ ਦੇ ਨਾਮ ਹੀ ਬਦਲਦੇ ਹਨ। ਆਤਮਾ ਦਾ ਨਾਮ ਨਹੀਂ ਬਦਲਦਾ। ਤਾਂ ਤੁਸੀਂ ਬੱਚੇ ਸਮਝਾ ਸਕਦੇ ਹੋ - ਬੇਹੱਦ ਦੇ ਬਾਪ ਤੋਂ ਹੀ ਸੁਖ ਦਾ ਵਰਸਾ ਮਿਲਦਾ ਹੈ। ਬਾਪ ਸੁਖ ਦੀ ਸ੍ਰਿਸ਼ਟੀ ਸਥਾਪਨ ਕਰਦੇ ਹਨ। ਬਾਪ ਦੁਖ ਦੀ ਸ੍ਰਿਸ਼ਟੀ ਰਚੇ ਇਵੇਂ ਤਾਂ ਹੁੰਦਾ ਨਹੀਂ। ਭਾਰਤ ਵਿੱਚ ਲਕਸ਼ਮੀ -ਨਾਰਾਇਣ ਦਾ ਰਾਜ ਸੀ ਨਾ। ਚਿੱਤਰ ਵੀ ਹਨ - ਬੋਲੋ ਇਹ ਸੁਖ ਦਾ ਵਰਸਾ ਮਿਲਦਾ ਹੈ। ਜੇਕਰ ਕਹਿਣ ਇਹ ਤੇ ਤੁਹਾਡੀ ਕਲਪਨਾ ਹੈ ਤਾਂ ਇੱਕਦਮ ਛੱਡ ਦੇਣਾ ਚਾਹੀਦਾ ਹੈ। ਕਲਪਨਾ ਸਮਝਣ ਵਾਲਾ ਕੁਝ ਵੀ ਸਮਝੇਗਾ ਨਹੀਂ। ਤੁਹਾਡਾ ਟਾਈਮ ਤੇ ਬਹੁਤ ਵੇਲਯੂਏਬਲ ਹੈ। ਇਸ ਸਾਰੀ ਦੁਨੀਆਂ ਵਿੱਚ ਤੁਹਾਡੇ ਜਿੰਨਾਂ ਵੇਲਯੂਏਬਲ ਟਾਈਮ ਤਾਂ ਕਿਸੇ ਦਾ ਹੈ ਨਹੀਂ। ਵੱਡੇ - ਵੱਡੇ ਮਨੁੱਖਾਂ ਦਾ ਟਾਈਮ ਵੇਲਯੂਏਬਲ ਹੁੰਦਾ ਹੈ। ਬਾਪ ਦਾ ਟਾਈਮ ਕਿੰਨਾਂ ਵੇਲਯੂਏਬਲ ਹੈ। ਬਾਪ ਸਮਝਾਕੇ ਕੀ ਤੋਂ ਕੀ ਬਣਾ ਦਿੰਦੇ ਹਨ। ਤਾਂ ਬਾਪ ਤੁਹਾਨੂੰ ਬੱਚਿਆਂ ਨੂੰ ਹੀ ਕਹਿੰਦੇ ਹਨ ਕਿ ਤੁਸੀਂ ਆਪਣਾ ਵੇਲਯੂਏਬਲ ਟਾਈਮ ਨਾ ਗਵਾਓ। ਨਾਲੇਜ਼ ਪਾਤਰ ਨੂੰ ਹੀ ਦੇਣੀ ਹੈ। ਪਾਤਰ ਨੂੰ ਸਮਝਾਉਣਾ ਚਾਹੀਦਾ ਹੈ - ਸਭ ਬੱਚੇ ਤਾਂ ਸਮਝ ਨਹੀ ਸਕਦੇ, ਇੰਨੀ ਬੁੱਧੀ ਨਹੀਂ ਜੋ ਸਮਝਣ। ਪਹਿਲਾਂ - ਪਹਿਲਾਂ ਬਾਪ ਦਾ ਪਰਿਚੈ ਦੇਣਾ ਹੈ। ਜਦੋਂ ਤੱਕ ਇਹ ਨਹੀਂ ਸਮਝਦੇ ਕਿ ਸਾਡਾ ਆਤਮਾਵਾਂ ਦਾ ਬਾਪ ਸ਼ਿਵ ਹੈ ਤਾਂ ਅੱਗੋਂ ਕੁਝ ਵੀ ਨਹੀਂ ਸਮਝ ਸਕਣਗੇ। ਬਹੁਤ ਪਿਆਰ, ਨਿਮਰਤਾ ਨਾਲ ਸਮਝਾ ਕੇ ਵਾਪਿਸ ਕਰ ਦੇਣਾ ਚਾਹੀਦਾ ਹੈ ਕਿਉਂਕਿ ਆਸੁਰੀ ਸੰਪਰਦਾਇ ਝਗੜਾ ਕਰਨ ਵਿੱਚ ਦੇਰ ਨਹੀਂ ਕਰਨਗੇ। ਗੌਰਮਿੰਟ ਸਟੂਡੈਂਟਸ ਦੀ ਕਿੰਨੀ ਮਹਿਮਾਂ ਕਰਦੀ ਹੈ। ਉਨ੍ਹਾਂ ਦੇ ਲਈ ਕਿੰਨੇਂ ਪ੍ਰਬੰਧ ਰੱਖਦੀ ਹੈ। ਕਾਲੇਜ ਦੇ ਸਟੂਡੈਂਟ ਹੀ ਪਹਿਲਾਂ - ਪਹਿਲਾਂ ਪੱਥਰ ਮਾਰਨਾ ਸ਼ੁਰੂ ਕਰਦੇ ਹਨ। ਜੋਸ਼ ਹੁੰਦਾ ਹੈ ਨਾ। ਬੁੱਢੇ ਜਾਂ ਮਾਤਾਵਾਂ ਤਾਂ ਪੱਥਰ ਇਤਨਾ ਜ਼ੋਰ ਨਾਲ ਲਗਾ ਨਾ ਸਕਣ। ਅਕਸਰ ਕਰਕੇ ਸਟੂਡੈਂਟਸ ਦਾ ਹੀ ਸ਼ੋਰ ਹੁੰਦਾ ਹੈ। ਉਨ੍ਹਾਂ ਨੂੰ ਹੀ ਲੜ੍ਹਾਈ ਦੇ ਲਈ ਤਿਆਰ ਕਰਦੇ ਹਨ। ਹੁਣ ਬਾਪ ਆਤਮਾਵਾਂ ਨੂੰ ਸਮਝਾਉਂਦੇ ਹਨ - ਤੁਸੀਂ ਉਲਟੇ ਬਣ ਗਏ ਹੋ। ਆਪਣੇ ਨੂੰ ਆਤਮਾ ਦੇ ਬਦਲੇ ਸ਼ਰੀਰ ਸਮਝ ਲੈਂਦੇ ਹੋ। ਹੁਣ ਬਾਪ ਤੁਹਾਨੂੰ ਸਿੱਧਾ ਕਰ ਰਹੇ ਹਨ। ਕਿੰਨਾ ਰਾਤ - ਦਿਨ ਦਾ ਫਰਕ ਹੋ ਜਾਂਦਾ ਹੈ। ਸਿੱਧਾ ਹੋਣ ਨਾਲ ਹੀ ਤੁਸੀਂ ਵਿਸ਼ਵ ਦੇ ਮਾਲਿਕ ਬਣ ਜਾਂਦੇ ਹੋ। ਹੁਣ ਤੁਸੀਂ ਸਮਝਦੇ ਹੋ ਅਸੀਂ ਅੱਧਾਕਲਪ ਉਲਟੇ ਸੀ। ਹੁਣ ਬਾਪ ਅੱਧਾਕਲਪ ਦੇ ਲਈ ਸੁਲਟਾ ਬਣਾਉਂਦੇ ਹਨ। ਅਲ੍ਹਾ ਦੇ ਬੱਚੇ ਹੋ ਜਾਂਦੇ ਤਾਂ ਵਿਸ਼ਵ ਦੀ ਬਾਦਸ਼ਾਹੀ ਦਾ ਵਰਸਾ ਮਿਲਦਾ ਹੈ। ਰਾਵਣ ਉਲਟਾ ਕਰ ਦਿੰਦੇ ਤਾਂ ਕਲਾ ਕਾਇਆ ਚੱਟ ਹੋ ਜਾਂਦੀ ਫਿਰ ਡਿੱਗਦੇ ਹੀ ਰਹਿੰਦੇ। ਰਾਮਰਾਜ ਅਤੇ ਰਾਵਨਰਾਜ ਨੂੰ ਤੁਸੀਂ ਬੱਚੇ ਜਾਣਦੇ ਹੋ। ਤੁਹਾਨੂੰ ਬਾਪ ਦੀ ਯਾਦ ਵਿੱਚ ਰਹਿਣਾ ਹੈ। ਭਾਵੇਂ ਸ਼ਰੀਰ ਨਿਰਵਾਹ ਅਰਥ ਕਰਮ ਵੀ ਕਰਨਾ ਹੈ ਫਿਰ ਵੀ ਸਮਾਂ ਤਾਂ ਬਹੁਤ ਮਿਲਦਾ ਹੈ। ਕੋਈ ਜਿਗਿਆਸੂ ਆਦਿ ਨਹੀਂ ਹਨ, ਕੰਮ ਨਹੀਂ ਹੈ ਤਾਂ ਬਾਪ ਦੀ ਯਾਦ ਵਿੱਚ ਬੈਠ ਜਾਣਾ ਚਾਹੀਦਾ ਹੈ। ਉਹ ਤੇ ਹੈ ਅਲਪਕਾਲ ਦੇ ਲਈ ਕਮਾਈ ਅਤੇ ਤੁਹਾਡੀ ਇਹ ਹੈ ਸਦਾਕਾਲ ਦੇ ਲਈ ਕਮਾਈ, ਇਸ ਵਿੱਚ ਅਟੈਂਸ਼ਨ ਜ਼ਿਆਦਾ ਦੇਣਾ ਪੈਂਦਾ ਹੈ। ਮਾਇਆ ਘੜੀ - ਘੜੀ ਹੋਰ

ਪਾਸੇ ਖਿਆਲਾਤ ਨੂੰ ਲੈ ਜਾਂਦੀ ਹੈ। ਇਹ ਤਾਂ ਹੋਵੇਗਾ ਹੀ। ਮਾਇਆ ਭੁਲਾਉਂਦੀ ਰਹੇਗੀ। ਇਸ ਤੇ ਇੱਕ ਨਾਟਕ ਵੀ ਵਿਖਾਉਂਦੇ ਹਨ - ਪ੍ਰਭੂ ਇਵੇਂ ਕਹਿੰਦੇ, ਮਾਇਆ ਇਵੇਂ ਕਹਿੰਦੀ। ਬਾਪ ਬੱਚਿਆਂ ਨੂੰ ਸਮਝਾਉਂਦੇ ਹਨ ਮਾਮੇਕਮ ਯਾਦ ਕਰੋ, ਇਸ ਵਿੱਚ ਹੀ ਵਿਘਨ ਪੈਂਦੇ ਹਨ। ਹੋਰ ਕਿਸੇ ਗੱਲ ਵਿੱਚ ਇਤਨੇ ਵਿਘਨ ਨਹੀਂ ਪੈਂਦੇ। ਪਵਿੱਤਰਤਾ ਤੇ ਕਿੰਨੀ ਮਾਰ ਖਾਂਦੇ ਹਨ। ਭਾਗਵਤ ਆਦਿ ਵਿੱਚ ਇਸ ਸਮੇਂ ਦਾ ਹੀ ਗਾਇਨ ਹੈ। ਪੂਤਨਾਵਾਂ, ਸੂਪਨਖਾਵਾਂ ਵੀ ਹਨ, ਇਹ ਸਭ ਇਸ ਵਕਤ ਦੀਆਂ ਗੱਲਾਂ ਹਨ ਜਦੋਂਕਿ ਬਾਪ ਆਕੇ ਪਵਿੱਤਰ ਬਣਾਉਂਦੇ ਹਨ। ਉਤਸਵ ਆਦਿ ਵੀ ਜੋ ਮਨਾਉਂਦੇ ਹਨ, ਜੋ ਪਾਸਟ ਹੋ ਗਿਆ ਹੈ, ਉਸ ਦਾ ਫਿਰ ਤਿਉਹਾਰ ਮਨਾਉਂਦੇ ਹਨ, ਪਾਸਟ ਦੀ ਮਹਿਮਾ ਕਰਦੇ ਆਉਂਦੇ ਹਨ। ਰਾਮਰਾਜ ਦੀ ਮਹਿਮਾਂ ਗਾਉਂਦੇ ਹਨ ਕਿਉਂਕਿ ਪਾਸਟ ਹੋ ਗਿਆ ਹੈ। ਜਿਵੇਂ ਕ੍ਰਾਇਸਟ ਆਦਿ ਆਏ ਧਰਮ ਸਥਾਪਨ ਕਰਕੇ ਗਏ। ਤਿਥੀ ਤਾਰੀਖ ਵੀ ਲਿਖ ਦਿੰਦੇ ਹਨ ਫਿਰ ਉਨ੍ਹਾਂ ਦਾ ਬਰਥਡੇ ਮਨਾਉਂਦੇ ਆਉਂਦੇ ਹਨ। ਭਗਤੀ ਮਾਰਗ ਵਿੱਚ ਵੀ ਇਹ ਧੰਧਾ ਅੱਧਾਕਲਪ ਚਲਦਾ ਹੈ। ਸਤਿਯੁਗ ਵਿੱਚ ਇਹ ਹੁੰਦਾ ਨਹੀਂ। ਇਹ ਦੁਨੀਆਂ ਹੀ ਖਤਮ ਹੋ ਜਾਣੀ ਹੈ। ਇਹ ਗੱਲਾਂ ਤੁਹਾਡੇ ਵਿੱਚ ਵੀ ਬਹੁਤ ਘੱਟ ਹਨ ਜੋ ਸਮਝਦੇ ਹਨ। ਬਾਪ ਨੇ ਸਮਝਾਇਆ ਹੈ ਸਭ ਆਤਮਾਵਾਂ ਨੇ ਅੰਤ ਵਿੱਚ ਵਾਪਿਸ ਜਾਣਾ ਹੈ। ਸਭ ਆਤਮਾਵਾਂ ਸ਼ਰੀਰ ਛੱਡ ਚਲੀਆਂ ਜਾਣਗੀਆਂ। ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਹੈ - ਬਾਕੀ ਥੋੜ੍ਹੇ ਦਿਨ ਹਨ। ਹੁਣ ਫਿਰ ਤੋਂ ਇਹ ਸਭ ਵਿਨਾਸ਼ ਹੋ ਜਾਣਾ ਹੈ। ਸਤਿਯੁਗ ਵਿੱਚ ਸਿਰਫ਼ ਅਸੀਂ ਹੀ ਆਵਾਂਗੇ। ਸਾਰੀਆਂ ਆਤਮਾਵਾਂ ਤੇ ਨਹੀਂ ਆਉਣਗੀਆਂ। ਜੋ ਕਲਪ ਪਹਿਲੋਂ ਆਏ ਸਨ ਉਹ ਹੀ ਨੰਬਰਵਾਰ ਆਉਣਗੇ। ਉਹ ਹੀ ਚੰਗੀ ਤਰ੍ਹਾਂ ਪੜ੍ਹਾਕੇ ਫਿਰ ਪੜ੍ਹਾ ਵੀ ਰਹੇ ਹਨ। ਜੋ ਚੰਗਾ ਪੜ੍ਹਦੇ ਹਨ ਉਹ ਹੀ ਫਿਰ ਨੰਬਰਵਾਰ ਟ੍ਰਾਂਸਫਰ ਹੁੰਦੇ ਹਨ। ਤੁਸੀਂ ਵੀ ਟ੍ਰਾਂਸਫਰ ਹੁੰਦੇ ਹੋ। ਤੁਹਾਡੀ ਬੁੱਧੀ ਜਾਣਦੀ ਹੈ ਜੋ ਆਤਮਾਵਾਂ ਹਨ ਸਭ ਨੰਬਰਵਾਰ ਉੱਥੇ ਸ਼ਾਂਤੀਧਾਮ ਵਿੱਚ ਜਾਕੇ ਬੈਠਣਗੀਆਂ ਫਿਰ ਨੰਬਰਵਾਰ ਆਉਂਦੀਆਂ ਰਹਿਣਗੀਆਂ। ਬਾਪ ਫਿਰ ਵੀ ਕਹਿੰਦੇ ਹਨ ਮੂਲ ਗੱਲ ਹੈ ਬਾਪ ਦਾ ਪਰਿਚੈ ਦੇਣਾ। ਬਾਪ ਦਾ ਨਾਮ ਸਦਾ ਮੁੱਖ ਵਿੱਚ ਹੋਵੇ। ਆਤਮਾ ਕੀ ਹੈ, ਪਰਮਾਤਮਾ ਕੀ ਹੈ? ਦੁਨੀਆਂ ਵਿੱਚ ਕੋਈ ਵੀ ਨਹੀਂ ਜਾਣਦੇ। ਭਾਵੇਂ ਗੀਤ ਗਾਉਂਦੇ ਹਨ ਭ੍ਰਿਕੁਟੀ ਦੇ ਵਿੱਚ ਚਮਕਦਾ ਹੈ ਅਜਬ ਸਿਤਾਰਾ... ਬਸ ਜ਼ਿਆਦਾ ਕੁਝ ਨਹੀਂ ਸਮਝਦੇ। ਸੋ ਵੀ ਇਹ ਗਿਆਨ ਬਹੁਤ ਥੋੜ੍ਹਿਆਂ ਦੀ ਬੁੱਧੀ ਵਿੱਚ ਹੈ। ਘੜੀ - ਘੜੀ ਭੁੱਲ ਜਾਂਦੇ ਹਨ। ਪਹਿਲਾਂ - ਪਹਿਲਾਂ ਸਮਝਾਉਣਾ ਹੈ ਬਾਪ ਹੀ ਪਤਿਤ - ਪਾਵਨ ਹਨ। ਵਰਸਾ ਵੀ ਦਿੰਦੇ ਹਨ, ਸ਼ਹਿਨਸ਼ਾਹ ਬਣਾਉਂਦੇ ਹਨ। ਤੁਹਾਡੇ ਕੋਲ ਗੀਤ ਵੀ ਹਨ -ਆਖਿਰ ਉਹ ਦਿਨ ਆਇਆ ਅੱਜ... ਜਿਸਦਾ ਰਸਤਾ ਭਗਤੀ ਮਾਰਗ ਵਿੱਚ ਬਹੁਤ ਤਕਦੇ ਸੀ। ਦਵਾਪਰ ਤੋਂ ਭਗਤੀ ਸ਼ੁਰੂ ਹੁੰਦੀ ਹੈ ਫਿਰ ਅੰਤ ਵਿੱਚ ਬਾਪ ਆਕੇ ਰਸਤਾ ਦੱਸਦੇ ਹਨ। ਕਿਆਮਤ ਦਾ ਸਮਾਂ ਵੀ ਇਸ ਨੂੰ ਕਿਹਾ ਜਾਂਦਾ ਹੈ। ਆਸੁਰੀ ਬੰਧਨ ਦਾ ਸਭ ਹਿਸਾਬ - ਕਿਤਾਬ ਚੁਕਤੂ ਕਰ ਵਾਪਿਸ ਚਲੇ ਜਾਂਦੇ ਹਨ। 84 ਜਨਮਾਂ ਦੇ ਪਾਰਟ ਨੂੰ ਤੁਸੀਂ ਜਾਣਦੇ ਹੋ। ਇਹ ਪਾਰ੍ਹ ਵਜਦਾ ਹੀ ਰਹਿੰਦਾ ਹੈ। ਸ਼ਿਵਜੇਯੰਤੀ ਮਨਾਉਂਦੇ ਹਨ ਤਾਂ ਜਰੂਰ ਸ਼ਿਵ ਆਇਆ ਹੋਵੇਗਾ। ਜਰੂਰ ਕੁਝ ਕੀਤਾ ਹੋਵੇਗਾ। ਉਹ ਹੀ ਨਵੀਂ ਦੁਨੀਆਂ ਬਣਾਉਂਦੇ ਹਨ। ਇਹ ਲਕਸ਼ਮੀ - ਨਰਾਇਣ ਮਾਲਿਕ ਸਨ, ਹੁਣ ਨਹੀਂ ਹਨ। ਫਿਰ ਬਾਪ ਰਾਜਯੋਗ ਸਿਖਾਉਂਦੇ ਹਨ। ਇਹ ਰਾਜਯੋਗ ਸਿਖਾਇਆ ਸੀ। ਤੁਹਾਡੇ ਇਲਾਵਾ ਹੋਰ ਕਿਸੇ ਦੇ ਮੂੰਹ ਵਿੱਚ ਆ ਨਹੀਂ ਸਕੇਗਾ। ਤੁਸੀਂ ਹੀ ਸਮਝਾ ਸਕਦੇ ਹੋ। ਸ਼ਿਵਬਾਬਾ ਸਾਨੂੰ ਰਾਜਯੋਗ ਸਿਖਾ ਰਹੇ ਹਨ। ਸ਼ਿਵੋਅਹੰਮ ਦਾ ਜੋ ਉੱਚਾਰਨ ਕਰਦੇ ਹਨ ਉਹ ਵੀ ਰਾਂਗ ਹੈ। ਤੁਹਾਨੂੰ ਹੁਣ ਬਾਪ ਨੇ ਸਮਝਾਇਆ ਹੈ - ਤੁਸੀਂ ਹੀ ਚੱਕਰ ਲਗਾ ਬ੍ਰਾਹਮਣ ਕੁਲ ਤੋਂ ਦੇਵਤਾ ਕੁਲ ਵਿੱਚ ਆਉਂਦੇ ਹੋ। ਸੋ ਹਮ, ਹਮ ਸੋ ਦਾ ਅਰਥ ਵੀ ਤੁਸੀਂ ਸਮਝਾ ਸਕਦੇ ਹੋ। ਹੁਣ ਅਸੀਂ ਬ੍ਰਾਹਮਣ ਹਾਂ ਇਹ 84 ਦਾ ਚੱਕਰ ਹੈ। ਇਹ ਕੋਈ ਮੰਤਰ ਜਪਣ ਦਾ ਨਹੀਂ ਹੈ। ਬੁੱਧੀ ਵਿੱਚ ਅਰਥ ਰਹਿਣਾ ਚਾਹੀਦਾ ਹੈ। ਉਹ ਵੀ ਸੈਕਿੰਡ ਦੀ ਗੱਲ ਹੈ। ਜਿਵੇਂ ਬੀਜ ਅਤੇ ਝਾੜ ਸੈਕਿੰਡ ਵਿੱਚ ਸਾਰਾ ਧਿਆਨ ਵਿੱਚ ਆ ਜਾਂਦਾ ਹੈ। ਉਵੇਂ ਹਮ ਸੋ ਦਾ ਰਾਜ਼ ਵੀ ਸੈਕਿੰਡ ਵਿੱਚ ਆ ਜਾਂਦਾ ਹੈ। ਅਸੀਂ ਇਵੇਂ ਚੱਕਰ ਲਗਾਉਂਦੇ ਹਾਂ ਜਿਸਨੂੰ ਸਵਦਰਸ਼ਨ ਚੱਕਰ ਵੀ ਕਿਹਾ ਜਾਂਦਾ ਹੈ। ਤੁਸੀਂ ਕਿਸੇ ਨੂੰ ਕਹੋ ਅਸੀਂ ਸਵਦਰਸ਼ਨ ਚੱਕ੍ਰਧਾਰੀ ਹਾਂ ਤਾਂ ਕੋਈ ਮੰਨੇਗਾ ਨਹੀਂ। ਕਹਿਣਗੇ ਇਹ ਤਾਂ ਸਭ ਆਪਣੇ ਉੱਪਰ ਟਾਈਟਲ ਰੱਖਦੇ ਹਨ। ਫਿਰ ਤੁਸੀਂ ਸਮਝਾਉਗੇ ਕਿ ਅਸੀਂ 84 ਜਨਮ ਕਿਵੇਂ ਲੈਂਦੇ ਹਾਂ। ਇਹ ਚੱਕਰ ਫਿਰਦਾ ਹੈ। ਆਤਮਾ ਨੂੰ ਆਪਣੇ 84 ਜਨਮਾਂ ਦਾ ਦਰਸ਼ਨ ਹੁੰਦਾ ਹੈ, ਇਸ ਨੂੰ ਹੀ ਸਵਦਰਸ਼ਨ ਚੱਕ੍ਰਧਾਰੀ ਕਿਹਾ ਜਾਂਦਾ ਹੈ। ਪਹਿਲੇ ਤਾਂ ਸੁਣਕੇ ਚਮਕ ਜਾਂਦੇ ਹਨ। ਇਹ ਫਿਰ ਕੀ ਗਪੌੜਾਂ ਲਗਾਉਂਦੇ ਹਨ। ਜੱਦ ਤੁਸੀਂ ਬਾਪ ਦਾ ਪਰਿਚੈ ਦੇਵੋਗੇ ਤਾਂ ਉਨ੍ਹਾਂ ਨੂੰ ਗਪੌੜਾਂ ਨਹੀਂ ਲੱਗੇਗਾ। ਬਾਪ ਨੂੰ ਯਾਦ ਕਰਦੇ ਹਨ। ਗਾਉਂਦੇ ਵੀ ਹਨ ਬਾਬਾ ਆਪ ਆਓਗੇ ਤਾਂ ਅਸੀਂ ਵਾਰੀ ਜਾਵਾਂਗੇ। ਤੁਹਾਨੂੰ ਹੀ ਯਾਦ ਕਰਾਂਗੇ। ਬਾਪ ਕਹਿੰਦੇ ਹਨ ਤੁਸੀਂ ਕਹਿੰਦੇ ਸੀ ਨਾ - ਹੁਣ ਫਿਰ ਤੁਹਾਨੂੰ ਯਾਦ ਦਿਲਾਉਂਦਾ ਹਾਂ। ਨਸ਼ਟਾਮੋਹਾ ਹੋ ਜਾਓ। ਇਸ ਦੇਹ ਤੋਂ ਵੀ ਨਸ਼ਟਾਮੋਹ ਹੋ ਜਾਓ। ਆਪਣੇ ਨੂੰ ਆਤਮਾ ਸਮਝ ਮੈਨੂੰ ਹੀ ਯਾਦ ਕਰੋ ਤਾਂ ਤੁਹਾਡੇ ਵਿਕਰਮ ਵਿਨਾਸ਼ ਹੋ ਜਾਨ। ਇੱਹ ਮਿੱਠੀ ਗੱਲ ਸਭ ਨੂੰ ਪਸੰਦ ਆਏਗੀ। ਬਾਪ ਦਾ ਪਰਿਚੈ ਨਹੀਂ ਹੋਵੇਗਾ ਤਾਂ ਫਿਰ ਕਿਸੇ ਨਾ ਕਿਸੇ ਗੱਲ ਵਿਚ ਸੰਸ਼ੇ ਉਠਾਉਂਦੇ ਰਹਿਣਗੇ, ਇਸਲਈ ਪਹਿਲੇ ਤਾਂ 2 - 3 ਚਿੱਤਰ ਅੱਗੇ ਰੱਖ ਦੋ, ਜਿਸ ਵਿੱਚ ਬਾਪ ਦਾ ਪਰਿਚੈ ਹੋ। ਬਾਪ ਦਾ ਪਰਿਚੈ ਮਿਲਣ ਨਾਲ ਵਰਸੇ ਦਾ ਵੀ ਮਿਲ ਜਾਏਗਾ।

ਬਾਪ ਕਹਿੰਦੇ ਹਨ - ਮੈਂ ਤੁਹਾਨੂੰ ਰਾਜਿਆਂ ਦਾ ਰਾਜਾ ਬਣਾਉਂਦਾ ਹਾਂ। ਇਹ ਚਿੱਤਰ ਬਣਾਓ। ਡਬਲ ਸਿਰਤਾਜ ਰਾਜਾ ਦੇ ਅੱਗੇ ਸਿੰਗਲ ਤਾਜ ਵਾਲੇ ਮੱਥਾ ਟੇਕਦੇ ਹਨ। ਆਪ ਹੀ ਪੂਜਯ ਆਪ ਹੀ ਪੁਜਾਰੀ ਦਾ ਵੀ ਰਾਜ਼ ਸਮਝ ਵਿੱਚ ਆ ਜਾਵੇ। ਪਹਿਲੇ ਬਾਪ ਦੀ ਬੈਠ ਪੂਜਾ ਕਰਦੇ ਹਨ ਫਿਰ ਆਪਣੇ ਹੀ ਚਿੱਤਰਾਂ ਦੀ ਬੈਠ ਪੂਜਾ ਕਰਦੇ ਹਨ। ਜੋ ਪਾਵਨ ਹੋਕੇ ਗਏ ਹਨ ਉਨ੍ਹਾਂ ਦਾ ਚਿੱਤਰ ਬਣਾਏ ਬੈਠ ਪੂਜਦੇ ਹਨ। ਇਹ ਵੀ ਤੁਹਾਨੂੰ ਹੁਣ ਗਿਆਨ ਮਿਲਿਆ ਹੈ। ਅੱਗੇ ਤਾਂ ਰੱਬ ਦੇ ਲਈ ਹੀ ਕਹਿ ਦਿੰਦੇ ਸੀ ਆਪ ਹੀ ਪੂਜਯ ਆਪ ਹੀ ਪੁਜਾਰੀ। ਹੁਣ ਤੁਹਾਨੂੰ ਸਮਝਾਇਆ ਗਿਆ ਹੈ - ਤੁਸੀਂ ਹੀ ਇਸ ਚੱਕਰ ਵਿੱਚ ਆਉਂਦੇ ਹੋ। ਬੁੱਧੀ ਵਿੱਚ ਇਹ ਨਾਲੇਜ ਹਮੇਸ਼ਾ ਰਹਿੰਦੀ ਹੈ ਅਤੇ ਫਿਰ ਸਮਝਾਉਣਾ ਵੀ ਹੈ। ਧਨ ਦਿੱਤੇ ਧਨ ਨਾ ਖੁਟੇ... ਜੋ ਧਨ ਦਾਨ ਨਹੀਂ ਕਰਦੇ ਹਨ ਉਨ੍ਹਾਂ ਨੂੰ ਮਨਹੂਸ ਵੀ ਕਹਿੰਦੇ ਹਨ। ਬਾਪ ਨੇ ਜੋ ਸਮਝਾਇਆ ਹੈ ਉਹ ਫਿਰ ਦੂਜਿਆਂ ਨੂੰ ਸਮਝਾਉਣਾ ਹੈ। ਨਹੀਂ ਸਮਝਾਉਣਗੇ ਤਾਂ ਮੁਫ਼ਤ ਆਪਣੇ ਨੂੰ ਘਾਟਾ ਪਾਉਣਗੇ। ਗੁਣ ਵੀ ਧਾਰਨ

ਨਹੀਂ ਹੋਣਗੇ। ਚਲਣ ਹੀ ਅਜਿਹੀ ਹੋ ਜਾਏਗੀ। ਹਰ ਇੱਕ ਆਪਣੇ ਨੂੰ ਸਮਝ ਤਾਂ ਸਕਦੇ ਹੈ ਨਾ। ਤੁਹਾਨੂੰ ਹੁਣ ਸਮਝ ਮਿਲੀ ਹੈ। ਬਾਕੀ ਸਭ ਹਨ ਬੇਸਮਝ। ਤੁਸੀਂ ਸਭ ਕੁਝ ਜਾਣਦੇ ਹੋ। ਬਾਪ ਕਹਿੰਦੇ ਹਨ ਇਸ ਤਰਫ ਹੈ ਦੈਵੀ ਸੰਪਰਦਾਏ, ਉਸ ਤਰਫ ਹੈ ਆਸੁਰੀ ਸੰਪਰਦਾਏ । ਬੁੱਧੀ ਤੋਂ ਤੁਸੀਂ ਜਾਣਦੇ ਹੋ ਹੁਣ ਅਸੀਂ ਸੰਗਮਯੁਗ ਤੇ ਹਾਂ। ਇੱਕ ਹੀ ਘਰ ਵਿੱਚ ਇੱਕ ਸੰਗਮਯੁਗ ਦਾ, ਇੱਕ ਕਲਯੁਗ ਦਾ, ਦੋਨੋਂ ਇਕੱਠੇ ਰਹਿੰਦੇ ਹਨ। ਫਿਰ ਵੇਖਿਆ ਜਾਂਦਾ ਹੈ ਹੰਸ ਬਣਨ ਲਾਇਕ ਨਹੀਂ ਹਨ ਤਾਂ ਯੁਕਤੀ ਰਚੀ ਜਾਂਦੀ ਹੈ। ਨਹੀਂ ਤਾਂ ਵਿਘਨ ਪਾਉਂਦੇ ਰਹਿਣਗੇ। ਕੋਸ਼ਿਸ਼ ਕਰਨੀ ਹੈ ਆਪ ਸਮਾਨ ਬਣਾਉਣ ਦੀ । ਨਹੀਂ ਤਾਂ ਤੰਗ ਕਰਦੇ ਰਹਿਣਗੇ ਫਿਰ ਯੁਕਤੀ ਨਾਲ ਕਿਨਾਰਾ ਕਰਨਾ ਪੈਂਦਾ ਹੈ। ਵਿਘਨ ਤਾਂ ਪੈਣਗੇ। ਅਜਿਹੀ ਨਾਲੇਜ ਤਾਂ ਤੁਸੀਂ ਹੀ ਦਿੰਦੇ ਹੋ। ਮਿੱਠਾ ਵੀ ਬਹੁਤ ਬਣਨਾ ਹੈ। ਨਸ਼ਟੋਮੋਹਾ ਵੀ ਹੋਣਾ ਪਵੇ। ਇੱਕ ਵਿਕਾਰ ਨੂੰ ਛੱਡਿਆ ਤਾਂ ਫਿਰ ਹੋਰ ਵਿਕਾਰ ਖਿਟ - ਖਿਟ ਮਚਾਉਂਦੇ ਹਨ। ਸਮਝਿਆ ਜਾਂਦਾ ਹੈ ਜੋ ਕੁਝ ਹੁੰਦਾ ਹੈ ਕਲਪ ਪਹਿਲਾਂ ਮੁਅਫਿਕ। ਇਵੇਂ ਸਮਝ ਸ਼ਾਂਤ ਰਹਿਣਾ ਪੈਂਦਾ ਹੈ। ਭਾਵੀ ਸਮਝੀ ਜਾਂਦੀ ਹੈ। ਚੰਗੇ - ਚੰਗੇ ਸਮਝਾਉਣ ਵਾਲੇ ਬੱਚੇ ਵੀ ਡਿੱਗ ਪੈਂਦੇ ਹਨ। ਬੜੀ ਜ਼ੋਰ ਨਾਲ ਚਮਾਟ ਖਾ ਲੈਂਦੇ ਹਨ। ਫਿਰ ਕਿਹਾ ਜਾਂਦਾ ਹੈ ਕਲਪ ਪਹਿਲੇ ਵੀ ਚਮਾਟ ਖਾਈ ਹੋਵੇਗੀ। ਹਰ ਇੱਕ ਆਪਣੇ ਅੰਦਰ ਵਿਚ ਸਮਝ ਸਕਦੇ ਹਨ। ਲਿਖਦੇ ਵੀ ਹਨ ਬਾਬਾ ਅਸੀਂ ਗੁੱਸੇ ਵਿੱਚ ਆ ਗਏ, ਫਲਾਣੇ ਨੂੰ ਮਾਰਿਆ ਇਹ ਭੁੱਲ ਹੋਈ। ਬਾਪ ਸਮਝਾਉਂਦੇ ਹੈ ਜਿੰਨਾ ਹੋ ਸਕੇ ਕੰਟਰੋਲ ਕਰੋ। ਕਿਵੇਂ - ਕਿਵੇਂ ਦੇ ਮਨੁੱਖ ਹਨ, ਅਬਲਾਵਾਂ ਤੇ ਕਿੰਨੇ ਅਤਿਆਚਾਰ ਕਰਦੇ ਹਨ। ਪੁਰਸ਼ ਬਲਵਾਨ ਹੁੰਦੇ ਹਨ, ਇਸਤਰੀ ਅਬਲਾ ਹੁੰਦੀ ਹੈ। ਬਾਪ ਫਿਰ ਤੁਹਾਨੂੰ ਇਹ ਗੁਪਤ ਲੜਾਈ ਸਿਖਾਉਂਦੇ ਹਨ ਜਿਸ ਨਾਲ ਤੁਸੀਂ ਰਾਵਣ ਤੇ ਜਿੱਤ ਪਾਉਂਦੇ ਹੋ। ਇਹ ਲੜਾਈ ਕਿਸੇ ਦੀ ਬੁੱਧੀ ਵਿੱਚ ਨਹੀਂ ਹੈ। ਤੁਹਾਡੇ ਵਿੱਚ ਵੀ ਨੰਬਰਵਾਰ ਹਨ ਜੋ ਸਮਝ ਸਕਦੇ ਹਨ। ਇਹ ਹੈ ਬਿਲਕੁਲ ਨਵੀਂ ਗੱਲ। ਹੁਣ ਤੁਸੀਂ ਪੜ੍ਹ ਰਹੇ ਹੋ - ਸੁਖਧਾਮ ਦੇ ਲਈ। ਇਹ ਵੀ ਹੁਣ ਯਾਦ ਹੈ ਫਿਰ ਭੁੱਲ ਜਾਏਗੀ। ਮੂਲ ਗੱਲ ਹੈ ਹੀ ਯਾਦ ਦੀ ਯਾਤਰਾ। ਯਾਦ ਨਾਲ ਅਸੀਂ ਪਾਵਨ ਬਣ ਜਾਵਾਂਗੇ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਕੁਝ ਵੀ ਹੁੰਦਾ ਹੈ ਤਾਂ ਭਾਵੀ ਸਮਝ ਸ਼ਾਂਤ ਰਹਿਣਾ ਹੈ। ਗੁੱਸਾ ਨਹੀਂ ਕਰਨਾ ਹੈ। ਜਿੰਨਾ ਹੋ ਸਕੇ ਆਪਣੇ ਆਪ ਨੂੰ ਕੰਟਰੋਲ ਕਰਨਾ ਹੈ। ਯੁਕਤੀ ਰਚ ਆਪਸਮਾਨ ਬਣਾਉਣ ਦੀ ਕੋਸ਼ਿਸ਼ ਕਰਨੀ ਹੈ।

2. ਬਹੁਤ ਪਿਆਰ ਅਤੇ ਨਿਮਰਤਾ ਨਾਲ ਸਭ ਨੂੰ ਬਾਪ ਦਾ ਪਰਿਚੈ ਦੇਣਾ ਹੈ। ਸਭ ਨੂੰ ਇਹ ਹੀ ਮਿੱਠੀ - ਮਿੱਠੀ ਗੱਲ ਸੁਣਾਓ ਕਿ ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝ ਮੈਨੂੰ ਯਾਦ ਕਰੋ, ਇਸ ਦੇਹ ਤੋਂ ਨਸ਼ਟਾਮੋਹਾ ਹੋ ਜਾਓ।

ਵਰਦਾਨ:- ਹਰ ਆਤਮਾ ਨੂੰ ਭਟਕਨ ਅਤੇ ਭਿਖਾਰੀਪਨ ਤੋਂ ਬਚਾਉਣ ਵਾਲੇ ਨਿਸ਼ਕਾਮ ਰਹਿਮਦਿਲ ਭਵ।

ਜੋ ਬੱਚੇ ਨਿਸ਼ਕਾਮ ਰਹਿਮਦਿਲ ਹਨ ਉਨ੍ਹਾਂ ਦੇ ਰਹਿਮ ਦੇ ਸੰਕਲਪ ਨਾਲ ਦੂਜੀਆਂ ਆਤਮਾਵਾਂ ਨੂੰ ਆਪਣੇ ਰੂਹਾਨੀ ਰੂਪ ਜਾਂ ਰੂਹ ਦੀ ਮੰਜਿਲ ਸੈਕਿੰਡ ਵਿਚ ਸਮ੍ਰਿਤੀ ਵਿਚ ਆ ਜਾਵੇਗੀ। ਉਨ੍ਹਾਂ ਦੇ ਰਹਿਮ ਦੇ ਸੰਕਲਪ ਨਾਲ ਭਿਖਾਰੀ ਨੂੰ ਸਰਵ ਖਜਨਾਈਆਂ ਦੀ ਝਲਕ ਵਿਖਾਈ ਦੇਵੇਗੀ। ਭਟਕਦੀ ਹੋਈ ਆਤਮਾਵਾਂ ਨੂੰ ਮੁਕਤੀ ਅਤੇ ਜੀਵਨਮੁਕਤੀ ਦਾ ਕਿਨਾਰਾ ਅਤੇ ਮੰਜਿਲ ਸਾਮ੍ਹਣੇ ਵਿਖਾਈ ਦੇਵੇਗੀ। ਉਹ ਸਭ ਦੇ ਦੁੱਖ ਹਰਤਾ ਸੁਖਕਰਤਾ ਦਾ ਪਾਰਟ ਵਜਾਉਣਗੇ, ਦੁਖੀ ਨੂੰ ਸੁਖੀ ਕਰਨ ਦੀ ਯੁਕਤੀ ਅਤੇ ਸਾਧਨ ਸਦਾ ਉਨ੍ਹਾਂ ਦੇ ਕੋਲ ਜਾਦੂ ਦੀ ਚਾਬੀ ਦੇ ਮਾਫਿਕ ਹੋਣਗੇ।

ਸਲੋਗਨ:- ਸੇਵਾਦਾਰੀ ਬਣ ਨਿਸਵਾਰਥ ਸੇਵਾ ਕਰੋ ਤਾਂ ਸੇਵਾ ਦਾ ਮੇਵਾ ਮਿਲਣਾ ਹੀ ਹੈ।

******

ਅਵਿਅਕਤ ਇਸ਼ਾਰੇ : - ਅਸ਼ਰੀਰੀ ਅਤੇ ਵਿਦੇਹੀ ਸਥਿਤੀ ਦਾ ਅਭਿਆਸ ਵਧਾਓ।

ਅੰਤ ਸਮੇਂ ਤੇ ਪ੍ਰਾਕ੍ਰਿਤੀ ਦੇ ਪੰਜੇ ਜੀ ਤੱਤ ਚੰਗੀ ਤਰ੍ਹਾਂ ਨਾਲ ਹਿਲਾਉਣ ਦੀ ਕੋਸ਼ਿਸ਼ ਕਰਨਗੇ, ਪ੍ਰੰਤੂ ਵਿਦੇਹੀ ਅਵਸਥਾ ਦੀ ਅਭਿਆਸੀ ਆਤਮਾ ਬਿਲਕੁਲ ਅਜਿਹਾ ਅਚਲ - ਅਡੋਲ ਪਾਸ ਵਿਧ ਆਨਰ ਹੋਣਗੀਆਂ ਜੋ ਸਭ ਗੱਲਾਂ ਪਾਸ ਹੋ ਜਾਣਗੀਆਂ ਲੇਕਿਨ ਉਹ ਬ੍ਰਹਮਾ ਬਾਪ ਦੇ ਸਮਾਨ ਪਾਸ ਵਿਧ ਆਨਰ ਦਾ ਸਬੂਤ ਦੇਣਗੀਆਂ, ਇਸਬਦੇ ਲਈ ਸਮਾਂ ਕੱਢ ਕੇ ਪ੍ਰਾਕ੍ਰਿਤੀ ਦੇ ਪੰਜਾਂ ਤੱਤਾਂ ਦੀ ਸੇਵਾ ਕਰਦੇ, ਸ਼ੁਭ ਭਾਵਨਾ ਦੀ ਸਕਾਸ਼ ਦਿੰਦੇ ਰਹੋ।